Education
Centre for Education
Statistics & Evaluation

Punjabi

# *Tell Them From Me* parent survey
# *ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਓ* ਮਾਪਿਆਂ ਲਈ ਸਰਵੇਖਣ
# Frequently Asked Questions (parents and carers)
# ਆਮ ਪੁੱਛੇ ਜਾਣ ਵਾਲੇ ਪ੍ਰਸ਼ਨ (ਮਾਪੇ ਅਤੇ ਸੰਭਾਲਕ)

## ਸੈਂਟਰ ਫਾਰ ਐਡੂਕੇਸ਼ਨ ਸਟੈਟਿਸਟਿਕਸ ਐਂਡ ਇਵੈਲੂਏਸ਼ਨ (CESE)

## 1. ਪਾਰਟਨਰਜ਼ ਇਨ ਲਰਨਿੰਗ ਪੇਰੰਟ ਸਰਵੇਖਣ ਕੀ ਹੈ?

ਪਾਰਟਨਰਜ਼ ਇਨ ਲਰਨਿੰਗ (Partners in Learning) ਪੇਰੰਟ ਸਰਵੇਖਣ ਵਿਦਿਆਰਥੀਆਂ ਨੂੰ ਰੁੱਝਾਏ ਰੱਖਣ ਨਾਲ ਸੰਬੰਧਤ *ਉਨ੍ਹਾਂ ਨੂੰ ਮੇਰੇ ਵਲੋਂ ਕਹਿ ਦਿਓ (Tell Them From Me)* ਸਰਵੇਖਣਾਂ ਦਾ ਭਾਗ ਹੈ। ਮਾਪਿਆਂ ਲਈ ਸਰਵੇਖਣ ਮਾਪਿਆਂ ਅਤੇ ਸਕੂਲ ਵਿਚਾਲੇ ਅਹਿਮ ਸਬੰਧਾਂ ਨੂੰ ਸਪੱਸ਼ਟ ਤੇ ਮਜ਼ਬੂਤ ਕਰਨ ਵਿਚ ਮਦਦ ਕਰਦਾ ਹੈ।

ਇਹ ਸਰਵੇਖਣ ਸਕੂਲ ਅਤੇ ਸਿਸਟਮ ਪੱਧਰਾਂ 'ਤੇ ਮਾਪਿਆਂ ਦੇ ਵਿਚਾਰ ਜਾਣਨ, ਉਨ੍ਹਾਂ ਦਾ ਮੁਲਾਂਕਣ ਕਰਨ ਤੇ ਓਨ੍ਹਾਂ ਬਾਰੇ ਰਿਪੋਟ ਕਰਨ ਲਈ ਤਿਆਰ ਕੀਤਾ ਗਿਆ ਹੈ। ਨਿਊ ਸਾਊਥ ਵੇਲਜ਼ ਦੇ ਇਸ ਸਰਵੇਖਣ ਦਾ ਮੁੱਖ ਧਿਆਨ ਵਿਦਿਆਰਥੀਆਂ ਦੇ ਕਲਿਆਣ, ਰੁੱਝਾਣ ਅਤੇ ਅਧਿਆਪਨ ਦੇ ਪ੍ਰਭਾਵੀ ਅਭਿਆਸਾਂ 'ਤੇ ਕੇਂਦ੍ਰਿਤ ਹੈ।

## 2. ਸਰਵੇਖਣ 'ਚ ਕਿਸ ਕਿਸਮ ਦੇ ਪ੍ਰਸ਼ਨ ਪੁੱਛੇ ਜਾਣਗੇ?

ਸਰਵੇਖਣ ਦੇ ਪ੍ਰਸ਼ਨਾਂ ਦਾ ਉਦੇਸ਼ ਸਕੂਲ ਵਿੱਚ ਆਪਣੇ ਬੱਚੇ ਦੇ ਅਨੁਭਵ ਪ੍ਰਤੀ ਮਾਪਿਆਂ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਣਾ ਹੈ, ਇਨ੍ਹਾਂ ਵਿੱਚ ਅਧਿਆਪਨ, ਸੰਚਾਰ ਅਤੇ ਸਿੱਖਣ ਅਤੇ ਵਿਵਹਾਰ ਪ੍ਰਤੀ ਸਕੂਲੀ ਮਦਦ ਸ਼ਾਮਿਲ ਹੈ। ਇਸ ਸਰਵੇਖਣ ਦਾ ਮੰਤਵ ਮਾਪਿਆਂ ਨੂੰ ਘਰ ਵਿਚ ਆਪਣੇ ਬੱਚੇ ਦੇ ਸਿੱਖਣ ਨਾਲ ਸਬੰਧਤ ਗਤੀਵਿਧੀਆਂ ਅਤੇ ਅਭਿਆਸਾਂ ਪ੍ਰਤੀ ਮਾਪਿਆਂ ਦੇ ਦ੍ਰਿਸ਼ਟੀਕੋਣਾਂ ਨੂੰ ਸਮਝਣਾ ਵੀ ਹੈ।

ਇਹ ਸਰਵੇਖਣ ਮਾਪਿਆਂ ਤੋਂ ਇਨ੍ਹਾਂ ਬਾਰੇ ਪ੍ਰਸ਼ਨ ਪੁੱਛੇਗਾ:

| | | |
|---|---|---|
| ਮਾਪੇ ਆਦਰ-ਮਾਣ ਮਹਿਸੂਸ ਕਰਦੇ ਹਨ | ਮਾਪਿਆਂ ਨੂੰ ਜਾਣਕਾਰੀ ਮਿਲਦੀ ਹੈ | ਮਾਪੇ ਘਰ 'ਚ ਸਿੱਖਣ ਵਿਚ ਮਦਦ ਕਰਦੇ ਹਨ |
| ਸਕੂਲ ਸਕਾਰਾਤਮਕ ਵਿਵਹਾਰ ਵਿਚ ਮਦਦ ਕਰਦਾ ਹੈ | ਸੁਰੱਖਿਆ | ਸ਼ਮੂਲੀਅਤ |
| ਸੰਚਾਰ ਦੀਆਂ ਤਰਜੀਹਾਂ | ਸਕੂਲ 'ਚ ਮਾਪਿਆਂ ਦੀ ਸ਼ਮੂਲੀਅਤ | ਸਕੂਲ ਸਿੱਖਣ ਵਿਚ ਮਦਦ ਕਰਦਾ ਹੈ |

## 3. ਸਕੂਲਾਂ ਨੂੰ ਭਾਗ ਲੈਣ ਲਈ ਕਿਵੇਂ ਚੁਣਿਆ ਗਿਆ ਹੈ?

ਇਹ ਸਰਵੇਖਣ ਨਿਊ ਸਾਊਥ ਵੇਲਜ਼ ਦੇ ਸਾਰੇ ਸ੍ਰਕਾਰੀ ਸਕੂਲਾਂ ਲਈ ਖੁੱਲ੍ਹਾ ਹੈ ਅਤੇ ਮੁਫਤ ਉਪਲਬਧ ਹੈ। ਤੁਹਾਡੇ ਸਕੂਲ ਨੇ ਭਾਗ ਲੈਣ ਦਾ ਫ਼ੈਸਲਾ ਕੀਤਾ ਹੈ।

## 4. ਇਸ ਸਰਵੇਖਣ ਵਿਚ ਭਾਗ ਲੈਣ ਨਾਲ ਮੇਰੇ ਬੱਚੇ ਦੇ ਸਕੂਲ ਨੂੰ ਕੀ ਲਾਭ ਪੁੱਜੇਗਾ?

ਮਾਪਿਆਂ ਲਈ ਸਰਵੇਖਣ ਨਾਲ ਪ੍ਰਿੰਸੀਪਲਾਂ ਤੇ ਸਕੂਲ ਦੇ ਆਗੂਆਂ ਨੂੰ ਆਪਣੇ ਸਕੂਲ ਬਾਰੇ ਮਾਪਿਆਂ ਦੇ ਵਿਚਾਰਾਂ ਦੇ ਨਾਲ-ਨਾਲ ਘਰ ਵਿਚ ਸਿੱਖਣ ਬਾਰੇ ਉਨ੍ਹਾਂ ਦੇ ਵਿਚਾਰਾਂ ਦਾ ਵੀ ਪਤਾ ਲੱਗਦਾ ਹੈ। ਮਾਪਿਆਂ ਤੇ ਸਟਾਫ਼ ਵਿਚਾਲੀ ਗੱਲਬਾਤ, ਘਰ ਵਿਚ ਕੀਤੀਆਂ ਜਾਣ ਵਾਲੀਆਂ ਗਤੀਵਿਧੀਆਂ ਤੇ ਅਭਿਆਸਾਂ ਅਤੇ ਸਿੱਖਣ ਤੇ ਵਿਵਹਾਰ ਪ੍ਰਤੀ ਸਕੂਲੀ ਸਹਾਇਤਾ ਬਾਰੇ ਮਾਪਿਆਂ ਦੇ ਵਿਚਾਰਾਂ ਨਾਲ ਸਹੀ ਤੇ ਸਮੇਂ ਸਿਰ ਇਕ ਅਜਿਹੀ ਤਸਵੀਰ ਬਣਾਉਣ ਵਿਚ ਮਦਦ ਮਿਲਦੀ ਹੈ, ਜਿਸ ਦੀ ਵਰਤੋਂ ਸਕੂਲ ਅਭਿਆਸਕ ਸੁਧਾਰਾਂ ਲਈ ਕਰ ਸਕਦੇ ਹਨ।

ਸਰਵੇਖਣ ਤੋਂ ਮਿਲੇ ਜਵਾਬਾਂ ਤੋਂ ਇਕੱਠੇ ਕੀਤੇ ਹੋਏ ਅੰਕੜਿਆਂ ਰਾਹੀਂ ਸਕੂਲ ਦੇ ਆਗੂਆਂ ਲਈ ਤੁਰੰਤ ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ। ਪ੍ਰਿੰਸੀਪਲ ਇਸ ਜਾਣਕਾਰੀ ਦੀ ਵਰਤੋਂ ਨਾਲ ਉੱਭਰ ਰਹੇ ਮੁੱਦਿਆਂ ਦੀ ਸ਼ਨਾਖ਼ਤ ਕਰ ਸਕਦੇ ਹਨ ਅਤੇ ਉਨ੍ਹਾਂ ਨੂੰ ਸਕੂਲ ਦੇ ਸੁਧਾਰ ਲਈ ਯੋਜਨਾ ਉਲੀਕਣ ਵਿਚ ਮਦਦ ਮਿਲ ਸਕਦੀ ਹੈ।

## 5. ਮਾਪਿਆਂ ਲਈ ਸਰਵੇਖਣ ਦਾ ਵਿਦਿਆਰਥੀਆਂ ਲਈ ਸਰਵੇਖਣ ਨਾਲ ਕੀ ਸੰਬੰਧ ਹੈ?

ਮਾਪਿਆਂ ਲਈ ਸਰਵੇਖਣ*Tell Them From Me* ਵਿਦਿਆਰਥੀਆ ਦੇ ਸਰਵੇਖਣ ਦਾ ਪੂਰਕ ਹੁੰਦਾ ਹੈ, ਜਿਹੜਾ ਸ਼ਾਇਦ ਤੁਹਾਡੇ ਬੱਚੇ ਨੂੰ ਪੂਰਾ ਕਰਨ ਲਈ ਕਿਹਾ ਗਿਆ ਹੈ। ਇਨ੍ਹਾਂ ਸਰਵੇਖਣਾਂ ਦੀ ਪੇਸ਼ਕਸ਼ (ਅਧਿਆਪਕ ਸਰਵੇਖਣ ਨਾਲ) ਇਹ ਯਕੀਨੀ ਬਣਾਉਣ ਲਈ ਕੀਤੀ ਜਾਂਦੀ ਹੈ ਕਿ ਸਕੂਲ ਵਿਦਿਆਰਥੀਆਂ, ਅਧਿਆਪਕਾਂ ਤੇ ਮਾਪਿਆਂ ਦੇ ਵਿਚਾਰ ਜਾਣ ਸਕਣ।

ਹਰੇਕ ਸਰਵੇਖਣ ਦੇ ਹੋਰ ਵੇਰਵਿਆਂ ਲਈ, ਸਰਵੇਖਣ ਵੈੱਬਸਾਈਟ ਵੇਖੋ:
http://surveys.cese.nsw.gov.au/

## 6. ਮੈਨੂੰ ਸਰਵੇਖਣ 'ਚ ਭਾਗ ਲੈਣ ਲਈ ਕੀ ਕਰਨ ਦੀ ਲੋੜ ਹੈ?

ਇਸ ਸਰਵੇਖਣ ਨੂੰ ਮੁਕੰਮਲ ਕਰਨ ਵਿਚ ਆਮ ਤੌਰ 'ਤੇ 15 ਮਿੰਟ ਲੱਗਦੇ ਹਨ ਅਤੇ ਇਸ ਦਾ ਆਯੋਜਨ ਸਰਵੇਖਣ ਡਿਵੈਲਪਰਾਂ, *The Learning Bar* ਵੱਲੋਂ ਚਲਾਈ ਜਾਣ ਵਾਲੀ ਸੁਰੱਖਿਅਤ ਵੈੱਬਸਾਈਟ ਰਾਹੀਂ ਪੂਰੀ ਤਰ੍ਹਾਂ ਔਨਲਾਈਨ ਤਰੀਕੇ ਨਾਲ ਕੀਤਾ ਜਾਂਦਾ ਹੈ। ਤੁਸੀਂ ਡੈਸਕਟਾਪ ਕੰਪਿਊਟਰਾਂ, ਲੈਪਟਾਪਸ, ਆਈਪੈਡਜ਼, ਟੈਬਲੇਟਸ ਤੇ ਸਮਾਰਟਫ਼ੋਨਜ਼ 'ਤੇ ਸਰਵੇਖਣ ਮੁਕੰਮਲ ਕਰ ਸਕਦੇ ਹੋ। ਤੁਹਾਨੂੰ ਘਰ ਵਿਚ ਸਰਵੇਖਣ ਮੁਕੰਮਲ ਕਰਨ ਲਈ ਇਕ ਲਿੰਕ ਮੁਹੱਈਆ ਕਰਵਾਇਆ ਜਾਵੇਗਾ ਜਾਂ ਤੁਹਾਡਾ ਸਕੂਲ ਕੰਪਿਊਟਰ ਉਪਲਬਧ ਕਰਵਾਏਗਾ, ਤਾਂ ਜੋ ਤੁਸੀਂ ਸਕੂਲੀ ਸਮੇਂ ਦੌਰਾਨ ਸਰਵੇਖਣ ਮੁਕੰਮਲ ਕਰ ਸੱਕੋ। ਇਹ ਲਿੰਕ ਟਰਮ 3 ਦੌਰਾਨ ਤੁਹਾਡੇ ਸਕੂਲ ਵੱਲੋਂ ਤੁਹਾਨੂੰ ਦਿੱਤਾ ਜਾਵੇਗਾ।

## 7. ਕੀ ਮੇਰੇ ਲਈ ਭਾਗ ਲੈਣਾ ਲਾਜ਼ਮੀ ਹੈ?

ਨਹੀਂ, ਇਸ ਸਰਵੇਖਣ 'ਚ ਭਾਗ ਲੈਣਾ ਵਿਕਲਪਿਕ ਹੈ। ਭਾਵੇਂ ਤੁਹਾਡੇ ਜਵਾਬਾਂ ਦੀ ਬਹੁਤ ਸ਼ਲਾਘਾ ਕੀਤੀ ਜਾਂਦੀ ਹੈ, ਪਰ ਜੇਕਰ ਸਰਵੇਖਣ ਦੌਰਾਨ, ਤੁਸੀਂ ਬੇਅਰਾਮੀ ਮਹਿਸੂਸ ਕਰੋ, ਤਾਂ ਤੁਸੀਂ ਕਿਸੇ ਵੀ ਵੇਲੇ ਸਰਵੇਖਣ ਨੂੰ ਪੂਰਾ ਨਾ ਕਰਨ ਦਾ ਫੈਸਲਾ ਕਰ ਸਕਦੇ ਹੋ। ਸਰਵੇਖਣ ਵਿਚ ਜ਼ਿਆਦਾਤਰ ਪ੍ਰਸ਼ਨਾਂ ਨੂੰ ਛੱਡਿਆ ਜਾ ਸਕਦਾ ਹੈ।

## 8. ਕੀ ਸਕੂਲ ਮੇਰੇ ਜਵਾਬਾਂ ਤੋਂ ਮੇਰੀ ਜਾਂ ਮੇਰੇ ਬੱਚੇ ਦੀ ਸ਼ਨਾਖ਼ਤ ਕਰ ਸੱਕੇਗਾ?

ਮਾਪਿਆਂ ਦੇ ਜਵਾਬਾਂ ਤੋਂ ਸਕੂਲ ਦੇ ਸਟਾਫ਼ ਮੈਂਬਰ ਵਿਅਤੀਗਤ ਮਾਪਿਆਂ ਜਾਂ ਵਿਦਿਆਰਥੀਆਂ ਦੀ ਸ਼ਨਾਖ਼ਤ ਨਹੀਂ ਕਰ ਸੱਕਣਗੇ। ਜਿੱਥੇ ਪੰਜ ਤੋਂ ਘੱਟ ਜਵਾਬ ਮਿੱਲੇ ਹੋਣ, ਉਥੇ ਡਾਟਾ ਨੂੰ ਲੁਕਾਉਣ ਸੰਬੰਧੀ ਨਿਯਮ ਸਕੂਲ ਰਿਪੋਰਟਿੰਗ ਟੂਲਜ਼ 'ਤੇ ਲਾਗੂ ਹੁੰਦੇ ਹਨ।

## 9. ਸਰਵੇਖਣ ਅੰਕੜਿਆਂ ਦਾ ਕਿਸ ਕਿਸਮ ਦਾ ਵਿਸ਼ਲੇਸ਼ਣ ਕੀਤਾ ਜਾਵੇਗਾ?

ਸਰਵੇਖਣਾਂ ਦੇ ਮੁਕੰਮਲ ਹੋਣ ਤੋਂ ਬਾਅਦ, ਰਿਪੋਰਟਾਂ ਤਿਆਰ ਕੀਤੀਆਂ ਜਾਂਦੀਆਂ ਹਨ ਅਤੇ ਬਹੁਤੇ ਮਾਮਲਿਆਂ ਵਿਚ ਇਹ ਤਿੰਨ ਕਾਰੋਬਾਰੀ ਦਿਨਾਂ ਅੰਦਰ ਸਕੂਲਾਂ ਨੂੰ ਉਪਲਬਧ ਹੁੰਦੀਆਂ ਹਨ। ਸਕੂਲ ਦੇ ਆਗੂ ਆਪਣੇ ਸਕੂਲ 'ਚ ਮਾਪਿਆਂ ਦੇ ਤਜਰਬਿਆਂ ਤੇ ਵਿਚਾਰਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਇਨ੍ਹਾਂ ਅੰਕੜਿਆਂ ਦੀ ਵਰਤੋਂ ਕਰ ਸਕਦੇ ਹਨ।

ਨਿਊ ਸਾਊਥ ਵੇਲਜ਼ ਦਾ ਸਿੱਖਿਆ ਵਿਭਾਗ ਸੈਂਟਰ ਫਾਰ ਐਡੂਕੇਸ਼ਨ ਸਟੈਟਿਸਟਿਕਸ ਐਂਡ ਇਵੈਲੂਏਸ਼ਨ (Centre for Education Statistics and Evaluation (CESE)) ਰਾਹੀਂ, ਸਰਵੇਖਣ ਅੰਕੜਿਆਂ ਤੇ ਨਾਲ-ਨਾਲ ਵਿਭਾਗ ਕੋਲ ਮੌਜੂਦ ਵਿਦਿਆਰਥੀਆਂ ਦੇ ਅੰਕੜਿਆਂ, ਜਿਸ ਵਿੱਚ ਪ੍ਰਦਰਸ਼ਨ ਸੰਬੰਧੀ ਅੰਕੜੇ ਸ਼ਾਮਿਲ ਹਨ, ਦਾ ਸੂਬਾਂ-ਪੱਧਰੀ ਵਿਸ਼ਲੇਸ਼ਣ ਕਰੇਗਾ। ਇਨ੍ਹਾਂ ਨਤੀਜਿਆਂ ਨਾਲ ਸਾਰੇ ਸਕੂਲਾਂ ਨੂੰ ਮਾਪਿਆਂ ਤੇ ਵਿਦਿਆਰਥੀਆਂ ਨੂੰ ਰੁਝਾਏ ਰਖਣ ਵਿਚਾਲੇ ਸੰਬੰਧਾਂ, ਵਿਦਿਆਰਥੀਆਂ ਦੇ ਕਲਿਆਣ, ਪ੍ਰਭਾਵੀ ਅਧਿਆਪਨ ਤੇ ਵਿਦਿਆਰਥੀ ਦੇ ਸਿੱਖਣ ਦੀ ਪ੍ਰਕਿਰਿਆ ਨੂੰ ਬਿਹਤਰ ਢੰਗ ਨਾਲ ਸਮਝਣ ਵਿਚ ਮਦਦ ਮਿਲੇਗੀ।

ਇਨ੍ਹਾਂ ਅੰਕੜਿਆਂ ਬਾਰੇ CESE ਦੇ ਵਿਸ਼ਲੇਸ਼ਣ ਨਤੀਜੇ ਅਧਿਆਪਕਾਂ ਤੇ ਪ੍ਰਿੰਸੀਪਲਾਂ ਨੂੰ ਇਸ ਮੁੱਦੇ 'ਤੇ ਵਿਚਾਰ-ਵਟਾਂਦਰਾ ਕਰਨ ਵਿਚ ਮਦਦ ਕਰਨਗੇ ਕਿ ਵਿਦਿਆਰਥੀਆਂ ਦੇ ਨਤੀਜਿਆਂ ਵਿਚ ਸੁਧਾਰ ਕਿਵੇਂ ਕੀਤਾ ਜਾ ਸਕਦਾ ਹੈ। ਇਸ ਨਾਲ ਵਿਭਾਗ ਨੂੰ ਮਿਆਰੀ ਅਧਿਆਪਨ ਤੇ ਲੀਡਰਸ਼ਿਪ 'ਤੇ ਲਗਾਤਾਰ ਧਿਆਨ ਕੇਂਦ੍ਰਿਤ ਕਰਨ ਵਿਚ ਮਦਦ ਮਿਲਦੀ ਹੈ। ਇਹ ਅੰਕੜੇ ਭਵਿੱਖ 'ਚ ਵਿਸ਼ਲੇਸ਼ਣ ਲਈ ਸੰਭਾਲੇ ਜਾਣਗੇ, ਤਾਂ ਜੋ ਸਾਨੂੰ ਵਿਦਿਆਰਥੀਆਂ ਨੂੰ ਰੁੱਝਾਏ ਰੱਖਣ ਅਤੇ ਇਨ੍ਹਾਂ ਦੇ ਕਲਿਆਣ ਦੇ ਪ੍ਰਕਾਰ ਨੂੰ ਬਿਹਤਰ ਤਰੀਕਿਆਂ ਨਾਲ ਸਮਝਣ ਵਿਚ ਮਦਦ ਮਿਲ ਸੱਕੇ।

## 10. ਪਾਰਟਨਰਜ਼ ਇਨ ਲਰਨਿੰਗ ਸਰਵੇਖਣ ਕਦੋਂ ਹੋਵੇਗਾ?

ਇਹ ਸਰਵੇਖਣ ਸਾਰੇ ਭਾਗੀਦਾਰ ਸਕੂਲਾਂ ਵਿਚ ਟਰਮ 3 ਦੇ ਮੱਧ ਅਤੇ ਟਰਮ 4 ਦੇ ਪਹਿਲੇ ਕੁਝ ਹਫ਼ਤਿਆਂ ਵਿਚਕਾਰ ਕੀਤੇ ਜਾਣਗੇ। ਆਮ ਤੌਰ 'ਤੇ ਟਰਮ 3 ਦੇ ਛੇਵੇਂ ਹਫਤੇ ਤੋਂ ਲੈ ਕੇ ਟਰਮ 4 ਦੇ ਦੂਜੇ ਹਫਤੇ ਤਕ।

## CESE ਕੀ ਹੈ?

ਸੈਂਟਰ ਫਾਰ ਐਡੂਕੇਸ਼ਨ ਸਟੈਟਿਸਟਿਕਸ ਐਂਡ ਇਵੈਲੂਏਸ਼ਨ (CESE) ਸਿੱਖਿਆ ਵਿਭਾਗ ਦਾ ਇੱਕ ਭਾਗ ਹੈ।

CESE ਨੂੰ ਨਿਊ ਸਾਊਥ ਵੇਲਜ਼ ਵਿਚ ਸਿੱਖਿਆ ਦੀ ਪ੍ਰਭਾਵਕਤਾ, ਕਾਰਜਕੁਸ਼ਲਤਾ ਤੇ ਜਵਾਬਦੇਹੀ ਵਿਚ ਸੁਧਾਰ ਲਿਆਉਣ ਲਈ ਸਥਾਪਤ ਕੀਤਾ ਗਿਆ ਹੈ। CESE ਇਹ ਸ਼ਨਾਖ਼ਤ ਸਾਂਝੀ ਕਰੇਗਾ ਕਿ ਕਿਹੜੀ ਚੀਜ਼ ਅਸਰ ਪਾਉਂਦੀ ਹੈ, ਜਿਸ ਨਾਲ ਹਰ ਤਰ੍ਹਾਂ ਦੀ ਸਿੱਖਿਆ ਵਿੱਚ ਅਧਿਆਪਨ ਤੇ ਸਿੱਖਣ ਵਿਚ ਸੁਧਾਰ ਲਈ ਨਵੇਂ ਮੌਕੇ ਸਿਰਜੇ ਜਾਣਗੇ।

**CESE ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ: www.cese.nsw.gov.au**

## *The Learning Bar* ਕੀ ਹੈ?

*The Learning Bar* ਕੈਨੇਡਾ ਦੀ ਇਕ ਸਿੱਖਿਆ ਕੰਪਨੀ ਹੈ, ਜਿਸ ਨੇ ਦੋਵੇਂ ਪ੍ਰਾਇਮਰੀ ਤੇ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਲਈ ਸਕੂਲ ਸਰਵੇਖਣਾਂ ਵਿਚ ਮੁਹਾਰਤ ਹਾਸਲ ਕੀਤੀ ਹੈ। ਇਸ ਦਾ ਸਰਵੇਖਣ, *Tell Them From Me*, ਕੈਨੇਡਾ ਵਿਚ ਸਭ ਤੋਂ ਵਿਸ਼ਾਲ ਰਾਸ਼ਟਰੀ ਸਕੂਲੀ ਸਰਵੇਖਣ ਹੈ, ਜਿਸ ਦੀ ਵਰਤੋਂ ਕੈਨੇਡਾ ਦੇ 10 ਸੂਬਿਆਂ ਵਿਚੋਂ ਨੌਂ ਸੂਬਿਆਂ ਵਿੱਚ ਕੀਤੀ ਜਾਂਦੀ ਹੈ। 6,300 ਤੋਂ ਵੱਧ ਸਕੂਲਾਂ ਅਤੇ 54 ਲੱਖ ਤੋਂ ਵੱਧ ਵਿਦਿਆਰਥੀਆਂ ਨੇ ਇਸ ਸਰਵੇਖਣ ਵਿਚ ਭਾਗ ਲਿਆ ਹੈ। ਆਸਟਰੇਲੀਆ ਦੇ ਸਕੂਲ *Tell Them From Me* ਸਰਵੇਖਣਾਂ ਵਿੱਚ 2012 ਤੋਂ ਭਾਗ ਲੈ ਰਹੇ ਹਨ।

*The Learning Bar* ਦੀ ਅਗਵਾਈ Dr J Douglas Willms ਵੱਲੋਂ ਕੀਤੀ ਜਾਂਦੀ ਹੈ। Dr Willms ਇੰਟਰਨੈਸ਼ਨਲ ਅਕੈਡਮੀ ਆਫ਼ ਐਡੂਕੇਸ਼ਨ ਦੇ ਪ੍ਰਧਾਨ, ਅਮਰੀਕੀ ਨੈਸ਼ਨਲ ਅਕੈਡਮੀ ਆਫ਼ ਐਜੂਕੇਸ਼ਨ ਦੇ ਮੈਂਬਰ ਅਤੇ ਰਾਇਲ ਸੁਸਾਇਟੀ ਆਫ਼ ਕੈਨੇਡਾ ਦੇ ਫ਼ੈਲੋ ਹਨ। ਉਨ੍ਹਾਂ ਨੇ ਪਿੱਛੇ ਜਿਹੇ ਤਕ ਸਾਖਰਤਾ ਅਤੇ ਮਨੁੱਖੀ ਵਿਕਾਸ (Literacy and Human Development) ਵਿਚ 14 ਵਰ੍ਹਿਆਂ ਲਈ ਟੀਅਰ 1 ਕੈਨੇਡਾ ਰਿਸਰਚ ਚੇਅਰ ਸਾਂਭੀ ਹੋਈ ਸੀ। Dr Willms ਨੇ OECD ਦੇ ਅੰਤਰਰਾਸ਼ਟਰੀ ਵਿਦਿਆਰਥੀ ਮੁਲਾਂਕਣ ਪ੍ਰੋਗ੍ਰਾਮ (Programme for International Student Assessment – PISA) ਲਈ ਪ੍ਰਸ਼ਨ ਵਿਕਸਤ ਕਰਨ 'ਚ ਪ੍ਰਮੁੱਖ ਭੂਮਿਕਾ ਨਿਭਾਈ ਹੈ।

***The Learning Bar* ਬਾਰੇ ਹੋਰ ਜਾਣਕਾਰੀ ਇੱਥੇ ਉਪਲਬਧ ਹੈ: www.thelearningbar.com**

ਜੇਕਰ ਮਾਪਿਆਂ ਦੇ ਸਰਵੇਖਣ ਬਾਰੇ ਤੁਹਾਡੇ ਕੋਈ ਪਰਸ਼ਨ ਹਨ, ਤਾਂ ਕਿਰਪਾ ਕਰ ਕੇ CESE ਨਾਲ ਈਮੇਲ ਦੁਆਰਾ ਸੰਪਰਕ ਕਰੋ: TTFM@det.nsw.edu.au ਜਾਂ ਟੈਲੀਫ਼ੋਨ ਰਾਹੀਂ ਸੰਪਰਕ ਕਰੋ: **1300 131 499**